# ਖ਼ੁਲਾਸਾ ਖ਼ੁਤਬਾ ਜੁਮੱਾ, 21-03-14

**ਵੱਲੋਂ : ਨਸ਼ਰੋ ਇਸ਼ਾਤ ਕਾਦੀਆਂ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫਰਮਾਇਆ :

ਅੱਜ ਮੈਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਕੁਝ ਕਥਨ, ਲਿੱਖਤਾਂ ਤੇ ਆਦੇਸ਼ ਪੇਸ਼ ਕਰਾਂਗਾ ਜਿੰਨਾ ਵਿੱਚ ਆਪ ਜੀ ਨੇ ਆਪਣੀ ਪ੍ਰਤਖਤਾ, ਸਚੱਾਈ, ਨਿਸ਼ਾਨ ਤੇ ਚਮਤਕਾਰਾਂ ਦਾ ਵਰਨਣ ਕੀਤਾ ਹੈ ।

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਆਪਣੇ ਪ੍ਰਗਟ ਹੋਣ ਤੇ ਸਚੱਾਈ ਬਾਰੇ ਚੰਨ੍ਹ ਤੇ ਸੂਰਜ ਗ੍ਰਹਿਣ ਦਾ ਨਿਸ਼ਾਨ ਪੇਸ਼ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਸਹੀ ਦਾਰਿ ਕੁਤਨੀ ਵਿੱਚ ਇਕ ਹਦੀਸ ਹੈ ਕਿ ਇਮਾਮ ਮੁਹਮੱਦ ਬਾਕਰ ਫ਼ਰਮਾਉਂਦੇ ਹਨ,

(اِنَّ لِمَهْدِيِّنَا اٰيَتَيْنِ لَمْ تَكُوْنَا مُنْذُ خَلْقِ السَّمٰوَاتِ وَالْاَرْضِ يَنْكَسِفُ الْقَمَرُ لِاَوَّلِ لَيْلَةٍ مِنْ رَمَضَانَ وَتَنْكَسِفُ الشَّمْسُ فِي النِّصْفِ مِنْهُ )
ਇਨੱਾ ਲਿਮਹਦਿੱਯਿਨਾ ਆਯਾਤੈਨਿ ਲਮ ਤਕੂਨਾ ਮੁੰਜ਼ੁ ਖ਼ਲਕਿਸ ਸਮਾਵਾਤਿ ਵਲਅਰਜ਼ਿ ਯਨਕਸਿਫ਼ੁਲ ਕਾਮਰੁ ਲਿ ਅਵੱਾਲਿ ਲੈਲਾਤਿੰਨ ਮਿਨ ਰਮਜ਼ਾਨਿ ਵ ਤਨਕਸਿਫ਼ੁਸ ਸ਼ਮਸੁ ਫ਼ਿੱਨਿਫ਼ਸਿ ਮਿਨਹੁ ।

ਅਰਥਾਤ ਸਾਡੇ ਮਹਦੀ ਲਈ ਦੋ ਨਿਸ਼ਾਨ ਹਨ ਅਤੇ ਜੱਦ ਤੋਂ ਇਹ ਧਰਤੀ ਤੇ ਆਕਾਸ਼ ਰੱਬ ਨੇ ਪੈਦਾ ਕੀਤੇ ਹਨ ਇਹ ਦੋ ਨਿਸ਼ਾਨ ਕਿਸੇ ਪ੍ਰਗਟ ਹੋਣ ਵਾਲੇ ਰਸੂਲ ਦੇ ਸਮੇਂ ਵਿੱਚ ਪ੍ਰਗਟ ਨਹੀਂ ਹੋਏ । ਓਹਨਾਂ ਵਿੱਚੋਂ ਇਕ ਇਹ ਹੈ ਕਿ ਮਹਦੀ ਮਊਦ ਦੇ ਯੁੱਗ ਵਿੱਚ ਰਮਜ਼ਾਨ ਦੇ ਮਹੀਨੇ ਵਿੱਚ ਚੰਨ੍ਹ ਗ੍ਰਹਿਣ, ਉਸਦੀ ਪਹਿਲੀ ਰਾਤ ਵਿੱਚ ਹੋਵੇਗਾ ਅਰਥਾਤ ਤੇਰ੍ਹਵੀਂ ਮਿਤੀ ਨੂੰ ਅਤੇ ਸੂਰਜ ਦਾ ਗ੍ਰਹਿਣ ਉਸਦੇ ਦਿਨਾਂ ਵਿੱਚੋਂ ਵਿਚਕਾਰਲੇ ਦਿਨ ਹੋਵੇਗਾ ਅਰਥਾਤ ਇਸੇ ਰਮਜ਼ਾਨ ਦੇ ਮਹੀਨੇ ਦੀ ਅਠਾਈ ਮਿਤੀ ਨੂੰ । ਅਜਿਹੀ ਘਟਨਾ ਦੁਨੀਆਂ ਦੇ ਅਰੰਭ ਤੋਂ ਕਿਸੇ ਰਸੂਲ ਜਾਂ ਨਬੀ (ਅਵਤਾਰ) ਦੇ ਸਮੇਂ ਕਦੇ ਪ੍ਰਗਟ ਨਹੀਂ ਹੋਈ, ਕੇਵਲ ਮਹਦੀ ਮਊਦ ਦੇ ਸਮੇਂ ਇਸ ਦਾ ਪ੍ਰਗਟ ਹੋਣਾ ਮੁਕਦੱਰ ਹੈ । ਹੁਣ ਸਾਰੇ ਅੰਗ੍ਰੇਜ਼ੀ ਤੇ ਉਰਦੂ ਅਖ਼ਬਾਰ ਅਤੇ ਸਾਰੇ ਤਾਰਾਵਿਗਿਆਨੀ ਸਾਮੂਹਕ ਤੌਰ'ਤੇ ਇਸ ਗੱਲ ਸਾਖੀ ਹਨ ਕਿ ਮੇਰੇ ਯੁੱਗ ਵਿੱਚ ਹੀ ਜਿਸ ਨੂੰ ਲੱਗਭਗ ਬਾਰ੍ਹਾਂ ਸਾਲ ਲੰਘ ਚੁਕੇ ਹਨ ਇਸ ਗੁਣਵਤੱਾ ਦੇ ਚੰਨ੍ਹ ਅਤੇ ਸੂਰਜ ਗ੍ਰਹਿਣ ਜੋ ਰਮਜ਼ਾਨ ਦੇ ਮਹੀਨੇ ਵਿੱਚ ਵਾਪਰਿਆ ਹੈ ਅਤੇ ਜਿਵੇਂ ਕਿ ਹਦੀਸ ਵਿੱਚ ਵਰਨਣ ਹੈ ਕਿ ਇਹ ਗ੍ਰਹਿਣ ਦੋ ਵਾਰ ਰਮਜ਼ਾਨ ਵਿੱਚ ਵਾਪਰ ਚੁਕਿਆ ਹੈ । ਪਹਿਲੀ ਵਾਰ ਇਸ ਦੇਸ਼ ਵਿੱਚ ਅਤੇ ਦੂਜੀ ਵਾਰ ਅਮਰੀਕਾ ਵਿੱਚ ਅਤੇ ਦੋਵੇਂ ਵਾਰ ਇਹਨਾਂ ਹੀ ਮਿਤੀਆਂ ਵਿੱਚ ਹੋਇਆ ਹੈ ਜਿੰਨ੍ਹਾ ਵੱਲ ਇਹ ਹਦੀਸ ਸੰਕੇਤ ਕਰਦੀ ਹੈ । ਕਿਉਂਕਿ ਇਸ ਗ੍ਰਹਿਣ ਸਮੇਂ ਮਹਦੀ ਮਊਦ ਹੋਣ ਦਾ ਦਾਵੇਦਾਰ ਇਸ ਧਰਤੀ ਉਪੱਰ ਮੇਰੇ ਬਿਨਾਂ ਹੋਰ ਕੋਈ ਨਹੀਂ ਸੀ ਅਤੇ ਨ ਹੀ ਕਿਸੇ ਨੇ ਮੇਰੇ ਵਾਂਗ ਇਸ ਗ੍ਰਹਿਣ ਨੂੰ ਆਪਣੇ ਮਹਦੀ ਹੋਣ ਦੇ ਨਿਸ਼ਾਨ ਕਰਾਰ ਦੇਕੇ ਸੈਂਕੜੇ ਇਸਤਿਹਾਰ ਅਤੇ ਰਸਾਲੇ ਉਰਦੂ, ਫ਼ਾਰਸੀ ਅਤੇ ਅਰਬੀ ਆਦਿ ਵਿੱਚ ਪ੍ਰਕਾਸ਼ਤ ਕੀਤੇ ਇਸ ਲਈ ਇਹ ਆਕਾਸ਼ੀ ਨਿਸ਼ਾਨ ਮੇਰੇ ਲਈ ਨਿਰਧਾਰਤ ਹੋਇਆ । ਇਸ'ਤੇ ਦੂਜੀ ਦਲੀਲ ਇਹ ਹੈ ਕਿ ਇਸ ਚਮਤਕਾਰ ਦੇ ਪ੍ਰਗਟ ਹੋਣ ਤੋਂ ਬਾਰ੍ਹਾਂ ਵਰ੍ਹੇ ਪਹਿਲਾਂ ਮੈਂਨੂੰ ਖ਼ਬਰ ਦਿੱਤੀ ਗਈ ਸੀ ਕਿ ਅਜਿਹਾ ਚਮਤਕਾਰ ਪ੍ਰਗਟ ਹੋਵੇਗਾ ਅਤੇ ਉਹ ਖ਼ਬਰ 'ਬ੍ਰਾਹੀਨ ਅਹਮਦੀਆ' ਵਿੱਚ ਦਰਜ ਹੋਕੇ, ਇਸ ਚਮਤਕਾਰ ਦੇ ਪ੍ਰਗਟ ਹੋਣ ਤੋਂ ਪਹਿਲਾਂ ਲੱਖਾਂ ਹੀ ਲੋਕਾਂ ਵਿੱਚ ਪ੍ਰਸਿੱਧ ਹੋ ਚੁਕੀ ਹੈ ।

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

ਇਹ ਹਦੀਸ ਇਕ ਗ਼ੈਬੀ ਗੱਲ ਉਪੱਰ ਅਧਾਰਤ ਹੈ ਜੋ ਤੇਰ੍ਹਾਂ ਸੌ ਸਾਲ ਬਾਦ ਪ੍ਰਗਟ ਵਿੱਚ ਆ ਗਈ । ਜਿਸ ਦਾ ਸਾਰ ਇਹ ਹੈ ਕਿ ਜਿਸ ਸਮੇਂ ਮਹਦੀ ਮਊਦ ਪ੍ਰਗਟ ਹੋਣਗੇ ਉਸ ਯੁੱਗ ਵਿੱਚ ਰਮਜ਼ਾਨ ਦੇ ਮਹੀਨੇ ਵਿੱਚ ਚੰਨ੍ਹ ਗ੍ਰਹਿਣ ਤੇਰ੍ਹਵੀਂ ਰਾਤ ਨੂੰ ਹੋਵੇਗਾ ਅਤੇ ਇਸੇ ਮਹੀਨੇ ਵਿੱਚ ਸੂਰਜ ਗ੍ਰਹਿਣ ਅਠਾਈਵੇਂ ਦਿਨ ਹੋਵੇਗਾ । ਅਜਿਹੀ ਘਟਨਾ ਕਿਸੇ ਵੀ ਦਾਵੇਦਾਰ ਦੇ ਯੁੱਗ ਸਿਵਾਏ ਮਹਦੀ ਮਊਦ ਦੇ ਯੁੱਗ ਦੇ ਪੇਸ਼ ਨਹੀਂ ਆਵੇਗਾ ਅਤੇ ਸਪਸ਼ਟ ਹੈ ਕਿ ਅਜਿਹੀ ਖੁੱਲੀ ਤੇ ਸਪਸ਼ਟ ਗ਼ੈਬੀ ਗੱਲ ਦਸੱਣਾ ਕਿਸੇ ਨਬੀ ਤੋਂ

ਬਿਨਾਂ ਕਿਸੇ ਹੋਰ ਦਾ ਕੰਮ ਨਹੀਂ ਹੈ । ਅਲੱਾਹ ਤਆਲਾ ਕੁਰਆਨ ਕਰੀਮ ਵਿੱਚ ਫ਼ਰਮਾਉਂਦਾ ਹੈ ਕਿ ਲਾ ਯੁਜ਼ਹਿਰਾ ਅਲਾ ਗ਼ੈਬਿਹੀ ਆਹਾਦਾ ਇਲੱਾ ਮਨਿਰਤਜ਼ਾ ਮਿੰਰਸੂਲ ( لایظھر علی غیبہ احدا الا من ارتضی من رسول ۔ )। ਅਰਥਾਤ ਰੱਬ ਆਪਣੇ ਗ਼ੈਬ ਦੀਆਂ ਗੱਲਾਂ ਆਪਣੇ ਭੇਜੇ ਹੋਏ ਰਸੂਲਾਂ ਤੋਂ ਬਿਨਾਂ ਕਿਸੇ ਹੋਰ ਨੂੰ ਨਹੀਂ ਦਸਦਾ । ਇਸ ਲਈ ਜੱਦ ਇਹ ਪੇਸ਼ਗੋਈ (ਭਵਿੱਖਬਾਣੀ) ਆਪਣੇ ਅਰਥਾਂ ਪੱਖੋਂ ਪੂਰਨ ਰੂਪ ਵਿੱਚ ਪੂਰੀ ਹੋ ਚੁੱਕੀ ਹੈ ਤਾਂ ਹੁਣ ਕੱਚੇ ਬਹਾਨੇ ਹਨ ਕਿ ਹਦੀਸ ਮਾੜੀ ਹੈ ਜਾਂ ਇਮਾਮ ਬਾਕਰ ਦਾ ਕਥਨ ਹੈ । ਗੱਲ ਇਹ ਹੈ ਕਿ ਇਹ ਲੋਕ ਕਦੇ ਵੀ ਨਹੀਂ ਚਾਹੁੰਦੇ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸੱਲਮ ਦੀ ਜਾਂ ਕੁਰਆਨ ਕਰੀਮ ਦੀ ਕੋਈ ਪੇਸ਼ਗੋਈ ਪੂਰੀ ਹੋਵੇ । ਹੁਣ ਇਹ ਜੋ ਸਚੱਾਈ ਦਾ ਨਿਸ਼ਾਨ ਹੈ, ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮਦੀ ਪੇਸ਼ਗੋਈ ਪੂਰੀ ਹੋਣ ਦਾ ਨਿਸ਼ਾਨ ਹੈ ।

ਇਕ ਹੋਰ ਚਮਤਕਾਰ ਦਾ ਵਰਨਣ ਕਰਦੇ ਹੋਏ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

ਜੱਦ ਮੈਂਨੂੰ ਇਹ ਖ਼ਬਰ ਦਿੱਤੀ ਗਈ ਕਿ ਮੇਰੇ ਪਿਤਾ ਜੀ ਸੂਰਜ ਢਲੱਣ ਮਗਰੋਂ ਪੂਰੇ (ਫ਼ੌਤ) ਹੋ ਜਾਣਗੇ, ਤਾਂ ਇਕ ਬਸ਼ਰ ਹੋਣ ਦੇ ਨਾਤੇ ਮੈਂਨੂੰ ਇਹ ਖ਼ਬਰ ਸੁਣ ਕੇ ਬਹੁਤ ਦੁੱਖ ਪਹੁੰਚਿਆ ਅਤੇ ਕਿਉਂਕਿ ਮੇਰੀ ਜੀਵਿਕਾ ਦੇ ਬਹੁਤੇ ਸਬਬ ਉਹਨਾਂ ਦੇ ਜੀਵਨ ਨਾਲ ਜੁੜੇ ਹੋਏ ਸਨ, ਉਹ ਅੰਗ੍ਰੇਜ਼ੀ ਸਰਕਾਰ ਤੋਂ ਪੈਂਸ਼ਨ ਵੀ ਲੈਂਦੇ ਸਨ ਅਤੇ ਇਕ ਵੱਡੀ ਰਕਮ ਪੁਰੁਸਕਾਰ ਵੱਚੋਂ ਲੈਂਦੇ ਸਨ, ਜੋ ਉਹਨਾਂ ਦੇ ਜੀਵਨ ਨਾਲ ਵਿਸ਼ੇਸ਼ ਸੀ । ਇਸ ਲਈ ਇਹ ਵਿਚਾਰ ਆਇਆ ਕਿ ਇਹਨਾਂ ਦੀ ਮੌਤ ਬਾਦ ਕੀ ਹੋਵੇਗਾ ਅਤੇ ਦਿਲ ਵਿੱਚ ਖ਼ੌਫ਼ ਪੈਦਾ ਹੋਇਆ ਕਿ ਗ਼ਰੀਬੀ ਤੇ ਤੰਗੀ ਦੇ ਦਿਨ ਸਾਡੇ ਉਪੱਰ ਆਉਂਣਗੇ । ਅਤੇ ਇਹ ਸਾਰਾ ਵਿਚਾਰ ਬਿਜਲੀ ਦੀ ਚਮਕ ਵਾਂਗ ਇਕ ਸੈਕੰਡ ਤੋਂ ਵੀ ਘੱਟ ਸਮੇਂ ਵਿੱਚ ਦਿਲ ਵਿੱਚੋਂ ਲੰਘ ਗਿਆ, ਫਿਰ ਉਸੇ ਸਮੇਂ ਗਨੂਦਗੀ (ਅਰਧ ਨਿੰਦ੍ਰਾ) ਹੋਕੇ ਇਹ ਦੂਜਾ ਇਲਹਾਮ ਹੋਇਆ, ( الیس اللہ بکاف عبدہٗ ) ਅਲੈਸਲੱਾਹੁ ਬਿਕਾਫ਼ਿਨ ਅਬਦਾਹੂ ਆਰਥਾਤ ਕੀ ਰੱਬ ਆਪਣੇ ਬੰਦੇ ਲਈ ਬਹੁਤ ਨਹੀਂ ਹੈ । ਇਸ ਇਲਾਹੀ ਇਲਹਾਮ ਰਾਹੀਂ ਦਿਲ ਅਜਿਹਾ ਪਕੱਾ ਹੋ ਗਿਆ ਕਿ ਜਿਵੇਂ ਇਕ ਠੋਸ ਪੀੜਾਦਾਇਕ ਘਾਓ ਕਿਸੇ ਮਰਹਮ ਨਾਲ ਇਕ ਵਾਰ ਹੀ ਚੰਗਾ ਹੋ ਜਾਂਦਾ ਹੈ । ਵਾਸਤਵ ਵਿੱਚ ਇਹ ਕਈ ਵਾਰ ਪ੍ਰੀਖਿਆ ਗਿਆ ਹੈ ਕਿ ਇਲਾਹੀ ਵਹੀ (ਕਲਾਮ) ਵਿੱਚ ਮਨ ਨੂੰ ਤਸੱਲੀ ਦੇਣ ਦਾ ਇਕ ਆਪਣਾ ਵਿਸ਼ੇਸ਼ ਗੁਣ ਹੈ, ਇਸ ਵਿਸ਼ੇਸ਼ ਗੁਣ ਦਾ ਮੁੱਢ ਉਹ ਵਿਸ਼ਵਾਸ ਹੈ ਜੋ ਇਲਾਹੀ ਵਹੀ ਉਪੱਰ ਹੋਣਾ ਚਾਹੀਦਾ ਹੈ । ਉਹਨਾਂ ਲੋਕਾਂ'ਤੇ ਦੁੱਖ ਹੈ ਕਿ ਇਹ ਕਿਹੋ ਜਿਹੇ ਇਲਹਾਮ ਹਨ ਕਿ ਇਲਹਾਮ ਦੇ ਦਾਵੇਦਾਰ ਹੁੰਦਿਆਂ ਹੋਇਆਂ ਵੀ ਇਹ ਕਹਿੰਦੇ ਹਨ ਕਿ ਇਹ ਸਾਡੇ ਇਲਹਾਮ ਖ਼ਿਆਲੀ (ਕਾਲਪਨਿਕ) ਗੱਲਾਂ ਹਨ । ਇਹ ਨਹੀਂ ਪਤਾ ਕਿ ਇਹ ਸ਼ੈਤਾਨੀ ਹਨ ਜਾਂ ਰਹਿਮਾਨੀ, ਇਹਨਾਂ ਇਲਹਾਮਾ ਦੀ ਹਾਨੀ ਉਹਨਾਂ ਦੇ ਲਾਭ ਤੋਂ ਅਧਿਕ ਹੈ, ਪਰ ਮੈਂ ਰੱਬ ਦੀ ਸਹੁੰ ਖਾਕੇ ਕਹਿੰਦਾ ਹਾਂ ਕਿ ਮੈਂ ਇਹਨਾ ਇਲਹਾਮਾ ਉਪੱਰ ਇਸ ਪ੍ਰਕਾਰ ਈਮਾਨ ਤੇ ਵਿਸ਼ਵਾਸ ਰੱਖਦਾ ਹਾਂ ਕਿ ਜਿਵੇਂ ਕਿ ਕੁਰਆਨ ਕਰੀਮ ਉਪੱਰ ਅਤੇ ਰੱਬ ਦੀਆਂ ਹੋਰਨਾ ਕਿਤਾਬਾਂ ਉਪੱਰ ਅਤੇ ਜਿਵੇਂ ਕੁਰਆਨ ਕਰੀਮ ਨੂੰ ਪੂਰਨ ਵਿਸ਼ਵਾਸ ਤੇ ਪੱਕੇ ਤੌਰ'ਤੇ ਰੱਬ ਦਾ ਕਲਾਮ ਜਾਣਦਾ ਹਾਂ ਉਸੇ ਪ੍ਰਕਾਰ ਇਸ ਕਲਾਮ ਨੂੰ ਵੀ ਜੋ ਮੇਰੇ ਉਪੱਰ ਉਤਰਦਾ ਹੈ ਰੱਬ ਦਾ ਕਲਾਮ ਵਿਸ਼ਵਾਸ ਕਰਦਾ ਹਾਂ, ਕਿਉਂਕਿ ਇਸ ਨਾਲ ਇਲਾਹੀ ਚਮਕ ਅਤੇ ਨੂਰ ਦੇਖਦਾ ਹਾਂ ਅਤੇ ਇਸ ਨਾਲ ਰੱਬ ਦੀਆ ਕੁਦਰਤਾਂ ਦੇ ਨਮੂਨੇ ਦੇਖਦਾ ਹਾਂ । ਭਾਵ ਜੱਦ ਮੈਂਨੂੰ ਇਹ ਇਲਹਾਮ ਹੋਇਆ ਕਿ ਅਲੈਸਲੱਾਹੁ ਬਿਕਾਫ਼ਿਨ ਅਬਦਾਹੂ ( الیس اللہ بکاف عبدہٗ ) , ਤਾਂ ਮੈਂ ਉਸੇ ਸਮੇਂ ਸਮਝ ਲਿਆਂ ਕਿ ਰੱਬ ਮੈਨੂੰ ਨਸ਼ਟ ਨਹੀਂ ਕਰੇਗਾ । ਉਸ ਸਮੇਂ ਮੈਂ ਇਕ ਹਿੰਦੂ ਖਤਰੀ ਮਲਾਵਾ ਮਲ ਨੂੰ ਜੋ ਕਾਦੀਆਂ ਵਾਸੀ ਹੈ ਅਤੇ ਹੁਣ ਤੱਕ ਜੀਉਂਦਾ ਹੈ ਉਹ ਇਲਹਾਮ ਲਿੱਖ ਕੇ ਦਿੱਤਾ ਅਤੇ ਨਾਲ ਹੀ ਸਾਰੀ ਘਟਨਾ ਉਸਨੂੰ ਸੁਣਾਈ ਅਤੇ ਉਸਨੂੰ ਅੰਮ੍ਰਿਤਸਰ ਭੇਜਿਆ ਕਿ ਹਕੀਮ ਮੌਲਵੀ ਮੁਹਮੱਦ ਸ਼ਰੀਫ਼ ਕਲਾਨੌਰੀ ਰਾਹੀਂ ਇਸ ਨੂੰ ਕਿਸੇ ਨਗੀਨਿ ਉਪੱਰ ਖੁਦਵਾਕੇ ਮੁਹਰ ਬਣਾਕੇ ਲੈ ਆਵੇ । ਅਤੇ ਮੈਂ ਇਸ ਹਿੰਦੂ ਨੂੰ ਇਸ ਕੰਮ ਲਈ ਕੇਵਲ ਇਸ ਉਦੇਸ਼ ਲਈ ਚੁਣਿਆ ਕਿ ਉਹ ਇਸ ਮਹਾਨ ਪੇਸ਼ਗੋਈ ਦਾ ਗਵਾਹ ਬਣ ਜਾਵੇ ਅਤੇ

ਮੌਲਵੀ ਮੁਹਮੱਦ ਸ਼ਰੀਫ਼ ਵੀ ਗਵਾਹ ਹੋ ਜਾਣ । ਸੋ, ਮੌਲਵੀ ਮੁਹਮੱਦ ਸ਼ਰੀਫ਼ ਰਾਹੀਂ ਉਹ ਉਂਗੂਠੀ (ਮੁੰਦਰੀ) ਕੇਵਲ ਪੰਜ ਰੁਪਏ ਵਿੱਚ ਤਿਆਰ ਹੋਕੇ ਮੇਰੇ ਕੋਲ ਪਹੁੰਚ ਗਈ ਜੋ ਹੁਣ ਤੱਕ ਮੇਰੇ ਕੋਲ ਹੈ । ਇਹ ਉਸ ਸਮੇਂ ਇਲਹਾਮ ਹੋਇਆ ਸੀ ਜੱਦਕਿ ਮੇਰੀ ਜੀਵਿਕਾ ਅਤੇ ਦਿਨਚਰਿਆ ਦਾ ਸਾਰਾ ਭਾਰ ਮੇਰੇ ਪਿਤਾ ਜੀ ਦੀ ਕੇਵਲ ਇਕ ਛੋਟੀ ਜਿਹੀ ਆਮਦਨੀ ਉਪੱਰ ਨਿਰਭਰ ਸੀ, ਅਤੇ ਬਾਹਰੋਂ ਮੈਂਨੂੰ ਇਕ ਵੀ ਮਨੁੱਖ ਨਹੀਂ ਜਾਣਦਾ ਸੀ, ਮੈਂ ਇਕ ਗੁਮਨਾਮ ਜਿਹਾ ਮਨੁੱਖ ਸੀ ਜੋ ਕਾਦੀਆਂ ਜਿਹੇ ਵੀਰਾਨੇ ਪਿੰਡ ਵਿੱਚ ਗੁਮਨਾਮੀ ਵਿੱਚ ਪਿਆ ਹੋਇਆ ਸੀ । ਇਸ ਤੋਂ ਮਗਰੋਂ ਰੱਬ ਨੇ ਆਪਣੀ ਪੇਸ਼ਗੋਈ ਅਨੁਸਾਰ ਇਕ ਦੁਨੀਆ ਨੂੰ ਮੇਰੇ ਵੱਲ ਕਰ ਦਿੱਤਾ ਅਤੇ ਅਜਿਹੀਆਂ ਨਿਰੰਤਰ ਜਿੱਤਾਂ ਰਾਹੀਂ ਧੰਨ ਦੀ ਸਹਾਇਤਾ ਕੀਤੀ ਕਿ ਜਿਸਦਾ ਧੰਨਵਾਦ ਵਰਨਣ ਕਰਨ ਲਈ ਮੇਰੇ ਕੋਲ ਸ਼ਬਦ ਨਹੀਂ । ਮੈਂਨੂੰ ਆਪਣੀ ਹਾਲਤ ਦਾ ਵਿਚਾਰ ਕਰਕੇ ਐਨ੍ਹੀਂ ਵੀ ਆਸ ਨਹੀਂ ਨਹੀ ਸੀ ਕਿ ਦੱਸ ਰੁਪਏ ਮਹੀਨਾ ਵੀ ਆਉਂਣਗੇ, ਪਰ ਰੱਬ ਜੋ ਗ਼ਰੀਬਾਂ ਨੂੰ ਮਿੱਟੀ ਵਿੱਚ ਚੁਕਦਾ ਤੇ ਹੰਕਾਰੀਆਂ ਨੂੰ ਮਿੱਟੀ ਵਿੱਚ ਰਲਾਉਂਦਾ ਹੈ, ਉਸ ਨੇ ਮੇਰੀ ਅਜਿਹੀ ਸਾਰ ਲਈ ਕਿ ਮੈਂ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਹੁਣ ਤੱਕ ਲੱਗਭਗ ਤਿੰਨ ਲੱਖ ਰੁਪਏ ਆ ਚੁੱਕੇ ਹਨ ਅਤੇ ਸੰਭਵਤਾ ਇਸ ਤੋਂ ਵੀ ਵੱਧ ਹੋਣ । ਇਸ ਆਮਦਨੀ ਨੂੰ ਇਸ ਨਾਲ ਵਿਚਾਰ ਲੈਣਾ ਚਾਹੀਦਾ ਹੈ ਕਿ ਕਈ ਵਰ੍ਹਿਆਂ ਤੋਂ ਕੇਵਲ ਲੰਗਰਖ਼ਾਨੇ ਦਾ ਡੇਢ ਹਜ਼ਾਰ ਰੁਪਏ ਮਹੀਨਾ ਤੱਕ ਖਰਚ ਹੋ ਜਾਂਦਾ ਹੈ ਅਰਥਾਤ ਔਸਤ ਦੇ ਹਿਸਾਬ ਨਾਲ ਦੁਜੀਆਂ ਸ਼ਾਖ਼ਾਵਾਂ ਜਿਵੇਂ ਮਦਰਸਾ ਆਦਿ ਅਤੇ ਕਿਤਾਬਾਂ ਦੀ ਛਪਾਈ ਇਸ ਤੋਂ ਵੱਖਰੀ ਹੈ । ਸੋ, ਦੇਖਣਾ ਚਾਹੀਦਾ ਹੈ ਕਿ ਇਹ ਪੇਸ਼ਗੋਈ ਅਰਥਾਤ ਅਲੈਸਲੱਾਹੁ ਬਿਕਾਫ਼ਿਨ ਅਬਦਾਹੂ ( اليس الله بكاف عبده ) ਕਿੰਨ੍ਹੀ ਸ਼ਾਨ ਤੇ ਸਪਸ਼ਟ ਰੂਪ ਵਿੱਚ ਪੂਰੀ ਹੋਈ । ਕੀ ਇਹ ਕਿਸੇ ਝੂਠੇ ਦਾ ਕੰਮ ਹੈ ਜਾਂ ਸ਼ੈਤਾਨੀ ਵਸਵਸੇ ਹਨ ? ਕਦੇ ਨਹੀਂ । ਸਗੋਂ ਇਹ ਉਸ ਰੱਬ ਦਾ ਕੰਮ ਹੈ ਜਿਸਦੇ ਹੱਥ ਵਿੱਚ ਮਾਨ ਸਨਮਾਨ, ਜ਼ਿਲੱਤ, ਅਦਬ ਤੇ ਪਰਵਾਨਗੀ ਹੈ । ਜੇਕਰ ਮੇਰੇ ਇਸ ਬਿਆਨ ਦਾ ਇਤਬਾਰ ਨ ਹੋਵੇ ਤਾਂ ਵੀਹ ਵਰ੍ਹਿਆਂ ਦੀ ਡਾਕ ਦੇ ਸਰਕਾਰੀ ਰਜਿਸਟਰਾਂ ਨੂੰ ਦੇਖੋ, ਤਾਂ ਪਤਾ ਲੱਗ ਜਾਵੇਗਾ ਕਿ ਇਸ ਕਾਲ ਵਿੱਚ ਆਮਦਨੀ ਦੇ ਕਿੰਨ੍ਹੇ ਦਰ ਖੋਲੇ ਗਏ ।

ਜਮਾਤ ਦੀ ਤਰੱਕੀ ਬਾਰੇ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਦੀ ਪੇਸ਼ਗੋਈ ਅਤੇ ਕਥਨ ਪ੍ਰਸਤੁਤ ਕਰਨ ਦੇ ਬਾਦ ਹਜ਼ੂਰ ਅਨਵਰ ਨੇ ਫ਼ਰਮਾਇਆ ਅੱਜ ਅਸੀਂ ਦੇਖਦੇ ਹਾਂ ਕਿ ਰੱਬ ਦੀ ਅਪਾਰ ਕ੍ਰਿਪਾ ਨਾਲ ਜਮਾਤ ਦੁਨੀਆ ਦੇ 204 ਦੇਸ਼ਾਂ ਵਿਚ ਕਾਇਮ ਹੈ ਅਤੇ ਕਰੋੜਾਂ ਦੀ ਸੰਖਿਆ ਵਿੱਚ ਹਨ । ਦੁਨੀਆ ਦੇ ਹਰ ਕੋਨੇ ਵਿੱਚ ਐਮ.ਟੀ.ਏ. ਰਾਹੀਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦਾ ਸੰਦੇਸ਼ ਪਹੁੰਚ ਰਿਹਾ ਹੈ ।

ਹਜ਼ੂਰ ਅਨਵਰ ਨੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦਾ ਇਕ ਇਲਹਾਮ ਪੇਸ਼ ਕੀਤਾ, ਜਿਸ ਵਿੱਚ ਰੱਬ ਨੇ ਦੁਸ਼ਮਣਾਂ ਤੋਂ ਆਪਦੀ ਰੱਖਿਆ ਦਾ ਵਾਦਾ ਕੀਤਾ ਹੈ, ਉਹ ਇਲਹਾਮ ਇਹ ਹੈ, ਯਾਸਿਮੁਕਲੱਾਹ ਮਿਨ ਇੰਦਾਹੁ ਵਲੌਲਮ ਯਾਸਿਮੁਕਨੱਾਸਿ ( يعصمك الله من عنده ولو لم يعصمك الناس ), ਇਸ ਬਾਰੇ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਪਾਦਰੀ ਮਾਰਟਨ ਕਲਾਰਕ ਦੇ ਮੁਕੱਦਮੇ ਦਾ ਵਰਨਣ ਕੀਤਾ ਜਿਸ ਵਿੱਚ ਪਾਦਰੀ ਮਾਰਟਨ ਕਲਾਰਕ ਨੇ ਆਪ ਅਲੈਹਿ ਸਲਾਮ ਉਪੱਰ ਕਤਲ ਦਾ ਆਰੋਪ ਲਾਇਆ ਸੀ, ਪਰ ਅਲੱਾਹ ਤਆਲਾ ਨੇ ਚਮਤਕਾਰਕ ਰੂਪ ਵਿੱਚ ਆਪ ਜੀ ਨੂੰ ਬਰੀ ਕੀਤਾ । ਹਜ਼ੂਰ ਨੇ ਇਸ ਘਟਨਾ ਦਾ ਵਰਨਣ ਕਰਕੇ ਫ਼ਰਮਾਇਆ ਅਤ ਹਜ਼ਰਤ ਮਸੀਹ ਮਊਦ ਲੈਹਿ ਸਲਾਮ ਦੀ ਇਹ ਪੇਸ਼ਗੋਈ ਵੀ ਵਰਨਣ ਕੀਤੀ:

( فَبَرَّأَهُ الله مما قالوا وكان عند الله وجيها ) ਫ਼ਬਰੱਾਹੁਲੱਾਹ ਮਿਮੱਾ ਕਾਲੂ ਵਕਾਨਾ ਇੰਦਲੱਾਹਿ ਵਜੀਹਾ, ਅਰਥਾਤ ਖ਼ੁਦਾ ਨੇ ਇਸ ਆਰੋਪ ਤੋਂ ਉਸਨੂੰ ਬਰੀ ਕੀਤਾ ਜੋ ਉਸ ਉਪੱਰ ਲਾਇਆ ਗਿਆ ਸੀ ਅਤੇ ਉਹ ਰੱਬ ਦੇ ਕਰੀਬ ਪ੍ਰਤਿਸ਼ਠਾ ਵਾਲਾ ਹੈ।

ਫ਼ਰਮਾਇਆ ਦੇਖੋ, ਅੱਜ ਵੀ ਵੱਡੇ ਤੇਜ ਨਾਲ ਪੂਰਾ ਹੋਇਆ ਹੈ । ਇਹ ਇਲਹਾਮ ਕਿ ਜੱਦ ਡਾਕਟਰ ਮਾਰਟਨ ਕਲਾਰਕ ਦਾ ਪੜਪੋਤਾ ਸਾਡੇ ਸਾਹਮਣੇ ਇਹ ਖੁੱਲ ਕੇ ਪ੍ਰਕਟ ਕਰਦਾ ਹੈ ਕਿ ਮੇਰਾ ਪੜਦਾਦਾ ਗ਼ਲਤ ਸੀ ਅਤੇ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਸੱਚੇ ਸਨ । ਇਹ ਰਿਕਾਰਡ ਹੋਇਆ ਹੋਇਆ, ਜਲਸੇ ਵਿੱਚ ਖੁੱਲਕੇ ਕਿਹਾ ਹੈ ।

ਹਜ਼ੂਰ ਅਨਵਰ ਨੇ ਮੌਲਵੀ ਗ਼ੁਲਾਮ ਦਸਤਗੀਰ ਕਸੂਰੀ ਦੀ ਹਲਾਕਤ ਬਾਰੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਕਥਨ ਪੇਸ਼ ਕੀਤੇ । ਮੌਲਵੀ ਗ਼ੁਲਾਮ ਦਸਤਗੀਰ ਕਸੂਰੀ ਦੇ ਮੁਬਾਹਿਲੇ ਦੇ ਸਿੱਟੇ ਵਿੱਚ ਹਲਾਕ ਹੋਇਆ ਅਤੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਸਚੱਾਈ ਦਾ ਨਿਸ਼ਾਨ ਬਣਿਆ ।

ਇਸ ਦੇ ਬਾਦ ਹਜ਼ੂਰ ਨੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਰੱਬ ਵੱਲੋਂ ਜੋ ਅਰਬੀ ਭਾਸ਼ਾ ਦੀ ਜਾਨਕਾਰੀ, ਵਿਸਥਾਰ, ਗੂੜ੍ਹਗਿਆਨ ਅਤੇ ਅਰਬੀ ਦਾਨੀ ਦਾ ਚਮਤਕਾਰ ਦਿੱਤਾ ਗਿਆ ਸੀ, ਉਸ ਬਾਰੇ ਆਪ ਜੀ ਦੇ ਕਥਨ ਪੇਸ਼ ਕੀਤੇ ।

ਆਪਣੇ ਗਿਆਨ ਭਰਪੂਰ ਜੁੱਮੇ ਦੇ ਖ਼ੁਤਬੇ ਦੇ ਅੰਤ ਵਿੱਚ ਹਜ਼ੂਰ ਅਨਵਰ ਨੇ ਫ਼ਰਮਾਇਆ :

ਇਹ ਕੁਝ ਨਿਸ਼ਾਨ ਤੇ ਚਮਤਕਾਰ ਮੈਂ ਪੇਸ਼ ਕੀਤੇ ਹਨ, ਇਹਨਾਂ ਵਿੱਚ ਜਿਵੇਂ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਫ਼ਰਮਾਇਆ ਹੈ, ਲੱਖਾਂ ਵਿੱਚ ਹਨ, ਇਹ ਸਾਰੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਸਚੱਾਈ ਦੇ ਨਿਸ਼ਾਨ ਹਨ ਅਤੇ ਨ ਕੇਵਲ ਬੰਦ ਨਹੀਂ ਹੋ ਗਏ, ਇਹ ਨਿਸ਼ਾਨ ਇਸ ਸਮੇਂ ਵੀ ਅੱਜ ਤੱਕ ਜਾਰੀ ਹਨ । ਅਲੱਾਹ ਤਆਲਾ ਦੀ ਅਪਾਰ ਕ੍ਰਿਪਾ ਨਾਲ ਹਜ਼ਾਰਾਂ ਹੀ ਲੋਕ ਇਹ ਨਿਸ਼ਾਨ ਦੇਖ ਕੇ ਅਹਮਦੀਆ ਮੁਸਲਿਮ ਜਮਾਤ ਵਿੱਚ ਦਾਖ਼ਲ ਹੋ ਰਹੇ ਹਨ । ਬੈਅਤ (ਦੀਖਿਅਤ ਹੋਣਾ) ਕਰਦੇ ਹਨ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਸੱਚੇ ਆਸ਼ਕ ਦੀ ਬੈਅਤ ਵਿੱਚ ਆਉਂਦੇ ਹਨ । ਹਾਂ, ਕਈ ਥਾਵਾਂ ਉਪੱਰ ਅਹਮਦੀਆਂ ਨੂੰ ਕਸ਼ਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਔਕੁੜਾਂ ਦਾ ਸਾਹਮਣਾ ਹੈ, ਇੰਸ਼ਾਅਲੱਾਹ ਸਮਾਂ ਆਵੇਗਾ ਕਿ ਉਹ ਵੀ ਦੂਰ ਹੋ ਜਾਣਗੇ ਅਤੇ ਸਾਡੇ ਈਮਾਨ ਤੇ ਵਿਸ਼ਵਾਸ ਵਿੱਚ ਅਵਸ਼ ਹੀ ਵਾਧਾ ਹੋਵੇਗਾ ।

ਅੰਤ ਵਿੱਚ ਹਜ਼ੂਰ ਅਨਵਰ ਨੇ ਦੁਆ ਦੀ ਤਹਰੀਕ ਕੀਰਦਿਆਂ ਹੋਇਆਂ ਫ਼ਰਮਾਇਆ, ਸ਼ਾਮ (ਸੀਰੀਆ) ਦੇ ਅਹਮਦੀਆਂ ਲਈ ਵੀ ਦੁਆ ਦੀ ਵਿਸ਼ੇਸ਼ ਲੋੜ ਹੈ, ਪਾਕਿਸਤਾਨ ਦੇ ਅਹਮਦੀਆਂ ਲਈ ਵੀ ਵਿਸ਼ਸ਼ ਲੋੜ ਹੈ । ਇਸੇ ਪ੍ਰਕਾਰ ਕੁਝ ਦੁੱਖ ਤੇ ਕਸ਼ਟ ਮਿਸਰ ਦੇ ਅਹਮਦੀਆਂ ਨੂੰ ਵੀ ਹਨ । ਅਲੱਾਹ ਤਆਲਾ ਉਹਨਾ ਸਾਰਿਆਂ ਦੇ ਦੁੱਖਾਂ ਨੂੰ ਦੂਰ ਕਰੇ ਅਤੇ ਇਸ ਬਾਰੇ ਵੀ ਅਸੀਂ ਵਿਸ਼ੇਸ਼ ਨਿਸ਼ਾਨ (ਚਮਤਕਾਰ) ਦੇਖਣ ਵਾਲੇ ਹੋਈਏ ਤਾਂ ਜੋ ਇਹ ਆਜ਼ਾਦੀ ਨਾਲ ਆਪਣੇ ਧਰਮ ਦਾ ਪ੍ਰਗਟਾਵਾ ਕਰ ਸਕਣ । ਅਲੱਾਹ ਤਆਲਾ ਦੇ ਦਰ ਉਪੱਰ ਝੁਕੱਣ ਵਾਲੇ ਵੀ ਹੋਣ । ਜਿੱਥੇ ਸਾਡੇ ਉਪੱਰ ਇਹ ਪਾਬੰਦੀਆਂ ਹਨ ਕਿ ਅਸੀਂ ਇਬਾਦਤ ਨਹੀਂ ਕਰ ਸਕਦੇ ਨਮਾਜ਼ਾਂ ਨਹੀਂ ਪੜ੍ਹ ਸਕਦੇ । ਇਹ ਪਾਬੰਦੀਆਂ ਵੀ ਅਲੱਾਹ ਤਆਲਾ ਹਰ ਥਾਂ ਤੋਂ ਦੂਰ ਫ਼ਰਮਾਏ ।

ਫ਼ਰਮਾਇਆ ਅੱਜ ਮੈਂ ਨਮਾਜ਼ਾਂ ਮਗਰੋਂ ਇਕ ਜਨਾਜ਼ਹ ਗ਼ੈਬ ਵੀ ਪੜ੍ਹਵਾਂਗਾ ਜੋ ਕਿ ਸ਼੍ਰਮਤੀ ਲਤੀਫ਼ਾ ਇਲਯਾਸ ਸਾਹਿਬਾ ਬਾਲਟੀਮੋਰ ਯੂ.ਐਸ.ਏ ਦਾ ਹੈ ਜੋ 9 ਮਾਰਚ ਨੂੰ ਇਲਾਹੀ ਹੁਕਮ ਅਨੁਸਾਰ ਵਫ਼ਾਤ ਪਾ ਗਈ ਹਨ । ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜ਼ਿਊਨ (اناللهوانااليہراجعون), ਹਜ਼ੂਰ ਨੇ ਆਪ ਦੇ ਚੰਗੇ ਗੁਣਾ ਤੇ ਆਚਰਣ ਉਪੱਰ ਵੀ ਸੰਖੇਪ ਜਿਹਾ ਚਾਨ੍ਹਣਾ ਪਾਇਆ ।